Public Guardian and Trustee of British Columbia

Estates and Personal Trust Services

# ਪਬਲਿਕ ਗਾਰਡੀਅਨ ਐਂਡ ਟਰੱਸਟੀ ਇਸਟੇਟ ਅਤੇ ਨਿੱਜੀ ਟਰੱਸਟ ਦੀਆਂ ਸੇਵਾਵਾਂ

ਜਾਇਦਾਦ ਦੇ ਪ੍ਰਬੰਧਕ (ਐਡਮਿਨਸਟਰੇਟਰ) ਵਜੋਂ ਫੀਸਾਂ ਦੀ ਸੂਚੀ

ਸਾਡੀਆਂ ਫੀਸਾਂ *ਪਬਲਿਕ ਗਾਰਡੀਅਨ ਐਂਡ ਟਰੱਸਟੀ ਰੈਗੂਲੇਸ਼ਨ* ਵਲੋਂ ਤਹਿ ਕੀਤੀਆਂ ਜਾਂਦੀਆਂ ਹਨ। ਉਹ ਜਾਇਦਾਦ ਦੀ ਕੁੱਲ ਕੀਮਤ ਅਤੇ ਜਾਇਦਾਦ ਦੀ ਸੰਪਤੀ ਵਲੋਂ ਪੈਦਾ ਕੀਤੀ ਗਈ ਆਮਦਨ ਦੀ ਰਕਮ 'ਤੇ ਆਧਾਰਿਤ ਹੁੰਦੀਆਂ ਹਨ। ਪ੍ਰਬੰਧਕ (ਐਡਮਿਨਸਟਰੇਟਰ) ਵਜੋਂ ਕੰਮ ਕਰਦੇ ਹੋਏ ਸਾਡੀਆਂ ਫੀਸਾਂ ਹਨ:

## ਕੈਪੀਟਲ ਕਮਿਸ਼ਨ

ਕਿਸੇ ਰੀਅਲ ਇਸਟੇਟ ਏਜੰਟ ਰਾਹੀਂ ਵੇਚੀ ਗਈ ਰੀਅਲ ਇਸਟੇਟ ਦਾ 5 ਪ੍ਰਤੀਸ਼ਤ; ਜਾਂ 3 ਪ੍ਰਤੀਸ਼ਤ ਜੇ ਰੀਅਲ ਇਸਟੇਟ ਵਾਰਸਾਂ ਨੂੰ ਵੰਡੀ ਗਈ ਹੈ, ਬਾਕੀ ਸਾਰੀ ਪੂੰਜੀ (ਕੈਪੀਟਲ) ਸੰਪਤੀਆਂ ਦਾ 7 ਪ੍ਰਤੀਸ਼ਤ, ਸਮੇਤ ਉਸ ਰੀਅਲ ਇਸਟੇਟ ਦੇ ਜਿਹੜੀ ਕਿਸੇ ਏਜੰਟ ਤੋਂ ਬਿਨਾਂ ਵੇਚੀ ਜਾਂਦੀ ਹੈ। ਇਸ ਫੀਸ ਦੇ ਘੱਟੋ ਘੱਟ ਚਾਰਜ 3,500 ਡਾਲਰ ਹਨ।

## ਆਮਦਨ 'ਤੇ ਕਮਿਸ਼ਨ

ਵਿਆਜ ਜਾਂ ਇਸਟੇਟ ਵਲੋਂ ਕਮਾਈ ਗਈ ਹੋਰ ਆਮਦਨ ਦਾ 5 ਪ੍ਰਤੀਸ਼ਤ।

## ਸੰਪਤੀ ਦੇ ਪ੍ਰਬੰਧ ਦੀ ਫੀਸ

0.7 ਪ੍ਰਤੀਸ਼ਤ ਹਰ ਸਾਲ, ਇਸਟੇਟ ਦੀ ਸਾਰੀ ਸੰਪਤੀ ਦੀ ਕੁੱਲ ਕੀਮਤ ਉੱਪਰ ਮਹੀਨਾਵਾਰ ਹਿਸਾਬ ਲਾਇਆ ਜਾਂਦਾ ਹੈ।

## ਵਾਰਸ ਲੱਭਣ ਦੀ ਫੀਸ

ਵਾਰਸ ਲੱਭਣ ਲਈ ਅਤੇ ਜਾਇਦਾਦ ਲਈ ਉਸ ਦੀ ਹੱਕਦਾਰੀ ਪ੍ਰਦਾਨ ਕਰਨ ਲਈ 75 ਡਾਲਰ ਪ੍ਰਤੀ ਘੰਟਾ (ਜਿੱਥੇ ਪਤਾ ਨਹੀਂ ਹੈ)।

## ਪ੍ਰਬੰਧਕੀ ਖਰਚੇ

ਪੜਤਾਲ ਦੇ ਖਰਚੇ, ਅਕਾਊਂਟੈਂਟ ਦੀ ਫੀਸ, ਸਟੋਰੇਜ, ਫੋਟੋਕਾਪੀਆਂ, ਡਾਕ ਟਿਕਟਾਂ ਅਤੇ ਜੇਬ ਵਿੱਚੋਂ ਕੀਤੇ ਗਏ ਹੋਰ ਖਰਚਿਆਂ ਵਰਗੇ ਪ੍ਰਬੰਧਕੀ ਖਰਚੇ ਵੀ ਇਸਟੇਟ ਦੇ ਫੰਡਾਂ ਵਿੱਚੋਂ ਕੱਟੇ ਜਾਣਗੇ।

ਸਾਡੀਆਂ ਫੀਸਾਂ ਅਤੇ ਕਮਿਸ਼ਨਾਂ ਦਾ ਵਿਸਥਾਰ ਵਿਚ ਵੇਰਵਾ www.trustee.bc.ca/fees 'ਤੇ ਦੇਖਿਆ ਜਾ ਸਕਦਾ ਹੈ।

### ਜ਼ਿਆਦਾ ਜਾਣਕਾਰੀ

ਪਬਲਿਕ ਗਾਰਡੀਅਨ ਐਂਡ ਟਰੱਸਟੀ ਬਾਰੇ ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ www.trustee.bc.ca 'ਤੇ ਸਾਡਾ ਵੈੱਬਸਾਈਟ ਦੇਖੋ ਜਾਂ ਸਾਡੇ ਨਾਲ ਅੱਗੇ ਲਿਖੇ ਐਡਰੈਸ 'ਤੇ ਸੰਪਰਕ ਕਰੋ:

**Estate and Personal Trust Services**
**Public Guardian and Trustee**

700–808 West Hastings Street
Vancouver, BC V6C 3L3

ਟੈਲੀਫੋਨ **604 660 4444**
ਈਮੇਲ **estates@trustee.bc.ca**

# ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ


### Estate and Personal Trust Services

700–808 West Hastings Street
Vancouver, BC V6C 3L3

ਟੈਲੀਫੋਨ **604 660 4444**
ਫੈਕਸ **604 660 0964**
ਈਮੇਲ **estates@trustee.bc.ca**


---

ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ। ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ) ਪਬਲਿਕ ਗਾਰਡੀਅਨ ਐਂਡ ਟਰੱਸਟੀ ਵੱਲ ਬਦਲੇ ਜਾਣ ਲਈ ਬੇਨਤੀ ਕਰੋ।

| | |
|---|---|
| ਵੈਨਕੂਵਰ | **604 660 2421** |
| ਵਿਕਟੋਰੀਆ | **250 387 6121** |
| ਬੀ ਸੀ ਵਿਚ ਹੋਰ ਇਲਾਕੇ | **1 800 663 7867** |
| ਈਮੇਲ | **mail@trustee.bc.ca** |
| ਵੈੱਬਸਾਈਟ | **www.trustee.bc.ca** |

*ਦਫਤਰ ਖੁਲ੍ਹਣ ਦਾ ਆਮ ਸਮਾਂ, ਸੋਮਵਾਰ ਤੋਂ ਸ਼ੁਕਰਵਾਰ ਤੱਕ, ਸਵੇਰ ਦੇ 8:30 ਵਜੇ ਤੋਂ ਬਾਅਦ ਦੁਪਹਿਰ 4:30 ਵਜੇ ਤੱਕ।*